# Official Spokesperson's response to a question on the announcement of peace initiative by Saudi Arabia for Yemen

March 23, 2021

---

# ਸਾਊਦੀ ਅਰਬ ਦੁਆਰਾ ਯਮਨ ਲਈ ਸ਼ਾਂਤੀ ਦੀ ਪਹਿਲ ਕਰਨ ਦੇ ਐਲਾਨ ਬਾਰੇ ਇੱਕ ਸਵਾਲ ਦਾ ਅਧਿਕਾਰਤ ਬੁਲਾਰੇ ਵੱਲੋਂ ਜਵਾਬ

**23 ਮਾਰਚ, 2021**

ਸਾਊਦੀ ਅਰਬ ਦੁਆਰਾ ਯਮਨ ਲਈ ਸ਼ਾਂਤੀ ਦੀ ਪਹਿਲ ਕਰਨ ਦੇ ਐਲਾਨ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਅਧਿਕਾਰਤ ਬੁਲਾਰੇ ਨੇ ਕਿਹਾ:

"ਯਮਨ ਵਿੱਚ ਸ਼ਾਂਤੀ ਨੂੰ ਉਤਸ਼ਾਹਤ ਕਰਨ ਲਈ ਭਾਰਤ ਸਾਊਦੀ ਅਰਬ ਦੁਆਰਾ ਐਲਾਨੀ ਗਈ ਪਹਿਲਕਦਮੀ ਦਾ ਸਵਾਗਤ ਕਰਦਾ ਹੈ। ਅਸੀਂ ਵੇਖਿਆ ਹੈ ਕਿ ਇਸ ਪਹਿਲਕਦਮੀ ਵਿਚ ਹੋਰ ਗੱਲਾਂ ਤੋਂ ਛੁੱਟ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਯਮਨ ਵਿੱਚ ਵਿਆਪਕ ਜੰਗਬੰਦੀ ਲਾਗੂ ਕਰਨ ਅਤੇ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਯਮਨ ਦੀਆਂ ਪਾਰਟੀਆਂ ਵਿਚਕਾਰ ਰਾਜਨੀਤਿਕ ਹੱਲ ਕੱਢਣ ਲਈ ਵਿਚਾਰ ਵਟਾਂਦਰੇ ਦੀ ਤਜਵੀਜ਼ ਕੀਤੀ ਗਈ ਹੈ। ਭਾਰਤ ਯਮਨੀ ਸੰਕਟ ਦਾ ਸਿਆਸੀ ਹੱਲ ਕੱਢਣ ਲਈ ਹਰ ਤਰਾਂ ਦੇ ਯਤਨਾਂ ਦਾ ਸਮਰਥਨ ਕਰਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਯਮਨ ਦੀਆਂ ਸਾਰੀਆਂ ਪਾਰਟੀਆਂ ਟਕਰਾਅ ਨੂੰ ਖਤਮ ਕਰਨ ਲਈ ਜਲਦੀ ਹੀ ਗੱਲਬਾਤ ਕਰਨ ਲਈ ਇਕੱਠੇ ਹੋਣਗੀਆਂ।

**ਨਵੀਂ ਦਿੱਲੀ**

**23 ਮਾਰਚ, 2021**

DISCLAIMER: This is an approximate translation. The original is available in English on MEA's website and may be referred to as the official press release.